ਫਾਰਮ ਨੰ. 97

(ਦੇਖੋ ਨਿਯਮ 159 ਅਤੇ 160)

ਕਿਸੇ ਵੀ ਵਿਅਕਤੀ (ਕੰਪਨੀ ਜਾਂ ਫਰਮ ਤੋਂ ਇਲਾਵਾ) ਜਾਂ ਨਿਯਮ 159 ਦੇ ਉਪ-ਨਿਯਮ (2) ਦੇ ਅਧੀਨ ਆਉਣ ਵਾਲੀ ਉਸ ਵਿਦੇਸੀ ਕੰਪਨੀ ਦੁਆਰਾ ਭਰੇ ਜਾਣ ਵਾਲੇ ਘੋਸਣਾ ਪੱਤਰ ਲਈ ਫਾਰਮ, ਜਿਸ ਕੋਲ ਪਰਮਾਨੈਂਟ ਅਕਾਉਂਟ ਨੰਬਰ ਨਹੀਂ ਹੈ ਅਤੇ ਜੋ ਨਿਯਮ 159 ਵਿੱਚ ਦਰਸਾਏ ਗਏ ਕਿਸੇ ਵੀ ਲੈਣ-ਦੇਣ ਵਿੱਚ ਭਰਨਾ ਪੈਂਦਾ ਹੈ। *(ਦੇਖੋ ਨੋਟ 1)*

ਭਾਗ-A: ਲੈਣਦੇਣ ਦੀ ਕਿਸਮ		
1.	ਲੈਣਦੇਣ ਦੀ ਕਿਸਮ	*(ਦੇਖੋ ਨੋਟ 2 ਅਤੇ 3)*

ਭਾਗ-B: ਘੋਸ਼ਣਾ
ਮੈਂ ਘੋਸ਼ਣਾ ਕਰਦਾ ਹਾਂ ਕਿ ਮੈਂ/ਬਿਨੈਕਾਰ ਕੋਲ ਪਰਮਾਨੈਂਟ ਅਕਾਉਂਟ ਨੰਬਰ (PAN) ਨਹੀਂ ਹੈ। ਅੱਗੇ ਮੈਂ ਇਹ ਘੋਸ਼ਣਾ ਕਰਦਾ ਹਾਂ ਕਿ,- (i) ਮੇਰੀ ਸਥਿਤੀ ਵਿਅਕਤੀਗਤ/ਹਿੰਦੂ ਅਵਿਭਾਜਿਤ ਪਰਿਵਾਰ/ਵਿਅਕਤੀਆਂ ਦੇ ਸੰਘ/ਵਿਅਕਤੀਆਂ ਦੀ ਇਕਾਈ/ਆਰਟੀਫਿਸ਼ੀਅਲ ਜਿਊਰੀਡਿਕਲ ਪਰਸਨ/ਸਰਕਾਰ/ਟ੍ਰਸੱਟ/ਸਥਾਨਕ ਅਥਾਰਿਟੀ/ਵਿਦੇਸ਼ੀ ਕੰਪਨੀ ਦੀ ਹੈ; *(ਕਿਰਪਾ ਕਰਕੇ ਢੁਕਵੀਂ ਸਥਿਤੀ ਦੀ ਚੋਣ ਕਰੋ)*; ਅਤੇ (ii) ਮੇਰੀ/ਸਾਡੀ/ਬਿਨੈਕਾਰ ਦੀ ਅਨੁਮਾਨਿਤ ਕੁੱਲ ਆਮਦਨ (ਆਮਦਨ ਕਰ ਐਕਟ, 2025 ਦੀ ਧਾਰਾ 99 ਦੇ ਅਨੁਸਾਰ ਜੀਵਨ ਸਾਥੀ, ਨਾਬਾਲਗ ਬੱਚੇ ਆਦਿ ਦੀ ਆਮਦਨ ਸਮੇਤ) ਆਮਦਨ ਕਰ ਐਕਟ, 2025 (2025 ਦਾ 30) ਦੇ ਉਪਬੰਧਾਂ ਦੇ ਅਨੁਸਾਰ ਗਣਨਾ ਕੀਤੇ ਗਏ ਵਿੱਤੀ ਸਾਲ ਲਈ ਜਿਸ ਵਿੱਚ ਉਪਰੋਕਤ ਲੈਣ-ਦੇਣ ਕੀਤਾ ਗਿਆ ਹੈ, ਕਰ ਦੇ ਯੋਗ ਨਾ ਹੋਣ ਵਾਲੀ ਵੱਧ ਤੋਂ ਵੱਧ ਰਕਮ ਤੋਂ ਘੱਟ ਹੋਵੇਗੀ; ਜਾਂ ਇਹ ਬਿਨੈਕਾਰ ਇਕ ਵਿਦੇਸ਼ੀ ਕੰਪਨੀ ਹੈ ਜੋ ਨਿਯਮ 159 ਦੇ ਉਪ-ਨਿਯਮ (2) ਦੇ ਤਹਿਤ ਸ਼ਾਮਲ ਕੀਤੀ ਗਈ ਹੈ ਅਤੇ ਜਿਸਦੀ ਭਾਰਤ ਵਿਚ ਕੋਈ ਕਰ ਯੋਗ ਆਮਦਨ ਨਹੀਂ ਹੈ। ਮਿਤੀ: ਸਥਾਨ: **(ਘੋਸ਼ਣਾਕਰਤਾ ਦੇ ਦਸਤਖ਼ਤ)**

ਭਾਗ-C: ਪਹਿਚਾਣ ਅਤੇ ਪਤੇ ਦੇ ਵੇਰਵੇ				
1.	ਨਾਮ		*(ਦੇਖੋ ਨੋਟ 4)*	
2.	ਜਨਮ/ਨਿਗਮਣ ਦੀ ਮਿਤੀ		*dd/mm/yyyy (ਦੇਖੋ ਨੋਟ 5)*	
3.	ਪਿਤਾ ਦਾ ਨਾਮ		*(ਦੇਖੋ ਨੋਟ 6)*	
4.	ਜੇ PAN ਲਈ ਅਰਜ਼ੀ ਪਾਈ ਗਈ ਹੈ ਪਰ ਹਾਲੇ ਤੱਕ ਇਹ ਬਣਿਆ ਨਹੀਂ ਹੈ, ਦੋਵੇਂ ਜਾਣਕਾਰੀਆਂ ਹੇਠਾਂ ਭਰੋ: *(ਦੇਖੋ ਨੋਟ 7)*			
	(i)	ਅਰਜ਼ੀ ਪਾਉਣ ਦੀ ਮਿਤੀ	*dd/mm/yyyy*	
	(ii)	ਰਸੀਦ ਦਾ ਨੰਬਰ		
5.	ਅਧਾਰ ਸੰਖਿਆ			
6.	ਰਿਹਾਇਸ਼ ਦਾ ਪਤਾ		*(ਦੇਖੋ ਨੋਟ 8)*	
7.	ਦਫ਼ਤਰ ਦਾ ਪਤਾ		*(ਦੇਖੋ ਨੋਟ 8)*	
8.	ਸੰਚਾਰ ਦਾ ਪਤਾ *(ਇਕ ਚੁਣੋ)*		(i) ਰਿਹਾਇਸ਼ (ii) ਦਫ਼ਤਰ	
9.	ਸੰਪਰਕ ਵੇਰਵੇ			
	(i)	ਮੋਬਾਈਲ ਨੰਬਰ	ਦੇਸ਼ ਦਾ ਕੋਡ	ਨੰਬਰ
			(ਡ੍ਰੌਪ ਡਾਉਨ) *(ਡਿਜੀਟਲ ਰੂਪ ਲਈ)*	
	(ii)	ਟੈਲੀਫ਼ੋਨ ਨੰਬਰ	ਦੇਸ਼ ਦਾ ਕੋਡ	ਨੰਬਰ
			(ਡ੍ਰੌਪ ਡਾਉਨ) *(ਡਿਜੀਟਲ ਰੂਪ ਲਈ)*	
	(iii)	ਈਮੇਲ ID		
10.	ਰਿਹਾਇਸ਼ੀ ਦੇਸ਼ ਵਿੱਚ ਟੈਕਸਪੇਅਰ ਆਈਡੈਂਟੀਫਿਕੇਸ਼ਨ ਨੰਬਰ (TIN) (ਵਿਦੇਸ਼ੀ ਕੰਪਨੀ ਦੇ ਮਾਮਲੇ ਵਿੱਚ)			
11.	ਵਿਦੇਸ਼ੀ ਕੰਪਨੀ ਦੇ ਮਾਮਲੇ ਵਿੱਚ ਭਾਰਤ ਵਿੱਚ ਕਰ ਲਈ ਸ਼ੁਲਕਯੋਗ ਆਮਦਨ ਦੇ ਵੇਰਵੇ *(ਦੇਖੋ ਨੋਟ 9)*			
	(i)	ਕਰ ਲਈ ਸ਼ੁਲਕਯੋਗ ਆਮਦਨ ਦੀ ਰਾਸ਼ੀ (₹ ਵਿੱਚ)		
	(ii)	ਆਮਦਨ ਦੀ ਰਾਸ਼ੀ ਜੋ ਕਰ ਲਈ ਸ਼ੁਲਕਯੋਗ ਨਹੀਂ ਹੈ (₹ ਵਿੱਚ)		

ਭਾਗ-D ਲੈਣਦੇਣ ਦੇ ਵੇਰਵੇ			
1.	ਲੈਣਦੇਣ ਦੀ ਮਿਤੀ		*dd/mm/yyyy*
2.	ਲੈਣਦੇਣ ਦੀ ਕੁੱਲ ਰਾਸ਼ੀ (₹)		*(ਦੇਖੋ ਨੋਟ 10)*
3.	ਉਪਰੋਕਤ ਲੜੀ ਸੰ. 2 ਵਿੱਚ ਵਰਣਿਤ ਕੀਤੀ ਗਈ ਕੁੱਲ ਰਾਸ਼ੀ ਵਿਚੋਂ, ਨਕਦ ਲੈਣਦੇਣ ਦੀ ਰਾਸ਼ੀ		*(ਦੇਖੋ ਨੋਟ 11)*
4.	ਲੈਣਦੇਣ ਦਾ ਮਾਧਿਅਮ		*(ਦੇਖੋ ਨੋਟ 12)*
5.	ਜੇ ਲੈਣਦੇਣ ਸੰਯੁਕਤ ਨਾਵਾਂ 'ਤੇ ਕੀਤਾ ਗਿਆ ਹੈ (ਦੇਖੋ ਨੋਟ 9)		
	(i)	ਲੈਣਦੇਣ ਵਿੱਚ ਸ਼ਾਮਲ ਕੀਤੇ ਗਏ ਵਿਅਕਤੀਆਂ ਦੀ ਗਿਣਤੀ	
	(ii)	ਘੋਸ਼ਣਾਕਰਤਾ ਦੀ ਹਿੱਸੇਦਾਰੀ (ਪ੍ਰਤੀਸ਼ਤਤਾ ਵਿੱਚ)	

ਭਾਗ-E: ਪ੍ਰਮਾਣ ਵਜੋਂ ਜਮਾਂ ਕੀਤੇ ਗਏ ਦਸਤਾਵੇਜ਼		
ਮੈਂ ਪਹਿਚਾਣ, ਪਤੇ ਅਤੇ ਜਨਮ ਦੀ ਮਿਤੀ/ਨਿਗਮਣ ਦੀ ਮਿਤੀ ਦੇ ਪ੍ਰਮਾਣ ਵਜੋਂ ਦਸਤਾਵੇਜ਼ *[ਦੇਖੋ ਨੋਟ 13]* ਜਮ੍ਹਾਂ ਕਰਵਾ ਦਿੱਤੇ ਹਨ।		
1.	ਪਹਿਚਾਣ ਦਾ ਪ੍ਰਮਾਣ (POI)	☐☐
	ਦਸਤਾਵੇਜ਼ ਪਹਿਚਾਣ ਸੰਖਿਆ	
	ਦਸਤਾਵੇਜ਼ ਜਾਰੀ ਕਰਨ ਵਾਲੀ ਅਥਾਰਿਟੀ ਦਾ ਨਾਮ	*(ਦੇਖੋ ਨੋਟ 4)*
	ਦਸਤਾਵੇਜ਼ ਜਾਰੀ ਕਰਨ ਵਾਲੀ ਅਥਾਰਿਟੀ ਦਾ ਪਤਾ	*(ਦੇਖੋ ਨੋਟ 8)*
2.	ਪਤੇ ਦਾ ਪ੍ਰਮਾਣ (POA)	☐☐
	ਦਸਤਾਵੇਜ਼ ਪਹਿਚਾਣ ਸੰਖਿਆ	
	ਦਸਤਾਵੇਜ਼ ਜਾਰੀ ਕਰਨ ਵਾਲੀ ਅਥਾਰਿਟੀ ਦਾ ਨਾਮ	*(ਦੇਖੋ ਨੋਟ 4)*
	ਦਸਤਾਵੇਜ਼ ਜਾਰੀ ਕਰਨ ਵਾਲੀ ਅਥਾਰਿਟੀ ਦਾ ਪਤਾ	*(ਦੇਖੋ ਨੋਟ 8)*
3.	ਜਨਮ ਦੀ ਮਿਤੀ (DoB)/ਨਿਗਮਣ ਦੀ ਮਿਤੀ (DoI) ਦਾ ਪ੍ਰਮਾਣ	☐☐
	ਦਸਤਾਵੇਜ਼ ਪਹਿਚਾਣ ਸੰਖਿਆ	
	ਦਸਤਾਵੇਜ਼ ਜਾਰੀ ਕਰਨ ਵਾਲੀ ਅਥਾਰਿਟੀ ਦਾ ਨਾਮ	*(ਦੇਖੋ ਨੋਟ 4)*
	ਦਸਤਾਵੇਜ਼ ਜਾਰੀ ਕਰਨ ਵਾਲੀ ਅਥਾਰਿਟੀ ਦਾ ਪਤਾ	*(ਦੇਖੋ ਨੋਟ 8)*

ਭਾਗ F: ਤਸਦੀਕ

1. ਮੈਂ,_____, ਸੁਪੁੱਤਰ/ਧੀ/ਧਰਮ ਪਤਨੀ ਸ਼੍ਰੀ,_____ ਮੇਰੀ ਸਰਵੋਤਮ ਜਾਣਕਾਰੀ ਅਤੇ ਵਿਸ਼ਵਾਸ ਨਾਲ ਸੰਜੀਦਗੀ ਨਾਲ ਘੋਸ਼ਣਾ ਕਰਦਾ/ਕਰਦੀ ਹਾਂ ਕਿ ਇਸ ਅਰਜ਼ੀ ਅਤੇ ਦਸਤਾਵੇਜ਼ਾਂ, ਜੇ ਕੋਈ ਹੋਣ ਤਾਂ, ਇਨ੍ਹਾਂ ਵਿੱਚ ਦਿੱਤੀ ਗਈ ਜਾਣਕਾਰੀ ਸਹੀ ਅਤੇ ਪੂਰਨ ਹੈ ਅਤੇ ਇੱਥੇ ਪ੍ਰਦਰਸ਼ਿਤ ਕੀਤੇ ਗਏ ਵੇਰਵਿਆਂ ਵਿੱਚ ਸੱਚ ਦੱਸਿਆ ਗਿਆ ਹੈ।
2. ਮੈਂ ਇਹ ਵੀ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ..... (ਸਵੈ/ਕਰਦਾਤਾ ਦੇ ਪ੍ਰਤੀਨਿਧੀ) ਦੀ ਸਮਰੱਥਾ ਵਿੱਚ..... ਲਈ ਇਹ ਅਰਜ਼ੀ ਦੇ ਰਿਹਾ/ਰਹੀ ਹਾਂ ਅਤੇ ਮੈਂ ਇਹ ਅਰਜ਼ੀ ਪਾਉਣ ਲਈ ਸਮਰੱਥ ਹਾਂ ਅਤੇ ਇਸਦੀ ਤਸਦੀਕ ਕਰਦਾ/ਕਰਦੀ ਹਾਂ।
3. ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਘੋਸ਼ਣਾ ਦਾ ਕੋਈ ਹਿੱਸਾ ਗਲਤ ਪਾਇਆ ਜਾਂਦਾ ਹੈ, ਮੈਨੂੰ ਆਮਦਨ ਕਰ ਐਕਟ 2005 ਦੇ ਸੰਬੰਧਿਤ ਉਪਬੰਧਾਂ ਤਹਿਤ ਕਨੂੰਨੀ ਨਤੀਜਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਮਿਤੀ:

(ਘੋਸ਼ਣਾਕਰਤਾ ਦੇ ਦਸਤਖ਼ਤ)

ਸਥਾਨ:

ਨਾਮ:

ਅਹੁਦਾ

<u>ਨੋਟ:</u>

1. ਘੋਸ਼ਣਾ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ, ਘੋਸ਼ਣਾਕਰਤਾ ਨੂੰ ਸੰਤੁਸ਼ਟ ਹੋਣਾ ਚਾਹੀਦਾ ਹੈ ਕਿ ਇਸ ਰੂਪ ਵਿੱਚ ਪੇਸ਼ ਕੀਤੀ ਜਾਣਕਾਰੀ ਸਾਰੇ ਪੱਖਾਂ ਤੋਂ ਸੱਚ, ਸਹੀ ਅਤੇ ਪੂਰਨ ਹੈ। ਕੋਈ ਵਿਅਕਤੀ ਜੇ ਘੋਸ਼ਣਾ ਵਿੱਚ ਗਲਤ-ਬਿਆਨੀ ਕਰਦਾ ਹੈ, ਉਸ 'ਤੇ ਆਮਦਨ-ਕਰ ਐਕਟ, 2025 ਦੀ **ਧਾਰਾ 482** ਦੇ ਤਹਿਤ ਕਨੂੰਨੀ ਕਾਰਵਾਈ ਹੋਵੇਗੀ।
2. ਭਾਗ A ਵਿੱਚ ਲੈਣਦੇਣ ਦੀ ਕਿਸਮ, ਹੇਠਾਂ ਲਿਖੇ ਗਏ ਕੋਡਾਂ ਅਨੁਸਾਰ ਭਰੀ ਜਾ ਸਕਦੀ ਹੈ।

ਕ੍ਰਮ ਸੰਖਿਆ	ਲੈਣਦੇਣ ਦੀ ਕਿਸਮ	ਕੋਡ
1	ਕਿਸੇ ਵੀ ਅਚੱਲ ਸੰਪਤੀ ਦਾ ਖਰੀਦ ਜਾਂ ਵਿਕਰੀ ਜਾਂ ਤੋਹਫ਼ਾ ਜਾਂ ਸਾਂਝਾ ਵਿਕਾਸ ਇਕਰਾਰਨਾਮਾ	**01**

2	ਖਾਤਾ ਖੋਲ੍ਹਣ (ਬੁਨਿਆਦੀ ਬਚਤ ਖਾਤੇ ਅਤੇ ਮਿਆਦੀ ਜਮ੍ਹਾਂ)	**02**
3	ਮਿਆਦੀ ਜਮ੍ਹਾਂ ਵਿੱਚ ਨਿਵੇਸ਼	**03**
4	ਇਕ ਬੀਮਾਕਰਤਾ ਨਾਲ ਖਾਤਾ ਆਧਾਰਿਤ ਸੰਬੰਧ ਦੀ ਸ਼ੁਰੂਆਤ	**04**
5	ਸਮਾਗਮ ਦੇ ਪ੍ਰਬੰਧਨ ਵਿੱਚ ਲੱਗੇ ਕਿਸੇ ਹੋਟਲ ਜਾਂ ਰੇਸਤ੍ਰਾਂ ਜਾਂ ਕਨਵੈਂਸ਼ਨ ਸੈਂਟਰ ਜਾਂ ਬੈਂਕੁਅਟ ਹਾਲ ਜਾਂ ਕਿਸੇ ਵਿਅਕਤੀ ਦੀ ਅਦਾਇਗੀ	**05**
6	ਉਪਰ ਵਰਗੀਕ੍ਰਿਤ ਨਾ ਕੀਤੀਆਂ ਗਈਆਂ ਵਸਤੂਆਂ ਅਤੇ ਸੇਵਾਵਾਂ ਦੀ ਵਿਕਰੀ ਜਾਂ ਖਰੀਦ	**06**

3. ਫਾਰਮ ਦੇ ਭਾਗ A ਤੋਂ F ਨੂੰ ਸਾਰੇ 6 ਲੈਣਦੇਣਾਂ ਲਈ ਭਰੇ ਜਾਣੇ ਚਾਹੀਦੇ ਹਨ।

4. ਵਿਅਕਤੀਆਂ ਦੇ ਮਾਮਲੇ ਵਿੱਚ, ਪਹਿਲਾ, ਵਿਚਕਾਰਲਾ ਅਤੇ ਅਖੀਰਲਾ ਨਾਮ ਬਿਨਾਂ ਕਿਸੇ ਸੰਖੇਪ ਨਾਮ ਦੇ ਪੂਰੇ ਹੀ ਲਿਖੇ ਜਾਣਗੇ। ਹੋਰ ਮਾਮਲਿਆਂ ਵਿਚ, ਇਕਾਈ ਦਾ ਨਾਮ ਲਾਗੂ ਨਿਯਮ ਜਿਸ ਵਿੱਚ ਇਕਾਈ ਦਾ ਗਠਨ ਕੀਤਾ ਗਿਆ ਹੈ, ਉਸ ਤਹਿਤ ਰਜਿਸਟ੍ਰੇਸ਼ਨ ਦਸਤਾਵੇਜ਼ ਵਿੱਚ ਵਰਣਿਤ ਕੀਤੇ ਗਏ ਅਨੁਸਾਰ ਲਿਖਿਆ ਜਾਵੇਗਾ।

5. ਵਿਅਕਤੀਆਂ ਦੇ ਮਾਮਲੇ ਵਿੱਚ ਜਨਮ ਮਿਤੀ ਲਿਖੀ ਜਾਵੇਗੀ ਅਤੇ ਹੋਰ ਮਾਮਲਿਆਂ ਵਿੱਚ ਇਕਾਈ ਦੇ ਨਿਗਮਣ ਦੀ ਮਿਤੀ ਭਰੀ ਜਾਵੇਗੀ।

6. ਵਿਅਕਤੀਆਂ ਦੇ ਮਾਮਲੇ ਵਿੱਚ ਪਿਤਾ ਦਾ ਨਾਮ ਭਰਿਆ ਜਾਵੇਗਾ।

7. ਜੇ ਅਨੁਮਾਨਤ ਕੁੱਲ ਆਮਦਨ, ਉਸ ਅਧਿਕਤਮ ਰਾਸ਼ੀ ਤੋਂ ਵਧਦੀ ਜੋ ਕਿ ਕਰ ਲਈ ਸ਼ੁਲਕਯੋਗ ਨਹੀਂ ਹੈ ਤਾਂ ਵਿਅਕਤੀ ਨੂੰ PAN ਲਈ ਅਰਜ਼ੀ ਦੇਣੀ ਚਾਹੀਦੀ ਹੈ, ਭਾਗ C ਵਿੱਚ ਲੜੀ ਸੰ. 4 ਨੂੰ ਭਰੋ ਅਤੇ ਅਰਜ਼ੀ ਜਮ੍ਹਾਂ ਕਰਨ ਦਾ ਪ੍ਰਮਾਣ ਜਮ੍ਹਾਂ ਕਰਵਾਉ।

8. ਪਤੇ ਵਿੱਚ i. ਦੇਸ਼/ਖੇਤਰ, ii. ਫਲੈਟ/ਦਰਵਾਜਾ/ਭਵਨ, iii. ਰੋਡ/ਗਲੀ/ਬਲਾਕ/ਸੈਕਟਰ, iv. ਪਿੰਨ/ਜ਼ਿਪ ਕੋਡ, v. ਡਾਕਘਰ vi. ਇਲਾਕਾ/ਮੁਹੱਲਾ vii. ਜ਼ਿਲ੍ਹਾ, viii. ਰਾਜ ਸ਼ਾਮਲ ਹੋਣੇ ਚਾਹੀਦੇ ਹਨ

9. ਉਹ ਵਿਅਕਤੀ ਜੋ ਘੋਸ਼ਣਾ ਨੂੰ ਕਬੂਲ ਕਰ ਰਿਹਾ ਹੈ, ਇਹ ਭਾਗ C ਵਿੱਚ ਲੜੀ ਸੰ. 11 (i) ਵਿੱਚ ਦਰਸਾਏ ਅਨੁਸਾਰ ਕਰ ਲਈ ਸ਼ੁਲਕਯੋਗ ਆਮਦਨ ਹੋਣ 'ਤੇ ਘੋਸ਼ਣਾ ਨੂੰ ਕਬੂਲ ਨਹੀਂ ਕਰੇਗਾ।

10. ਭਾਗ D ਦੀ ਲੜੀ ਸੰ. 2 ਵਿੱਚ ਲੈਣਦੇਣ ਦੀ ਕੁੱਲ ਰਾਸ਼ੀ ਨੂੰ ਭਰਨਾ ਚਾਹੀਦਾ ਹੈ। ਜੇ ਲੈਣਦੇਣ ਨੂੰ ਇਕ ਤੋਂ ਵੱਧ ਵਿਅਕਤੀਆਂ ਦੇ ਨਾਮ ਕੀਤਾ ਗਿਆ ਹੈ, ਤਾਂ ਲੈਣਦੇਣ ਵਿੱਚ ਸ਼ਾਮਲ ਵਿਅਕਤੀਆਂ ਦੀ ਕੁੱਲ ਗਿਣਤੀ, ਭਾਗ D ਦੀ ਲੜੀ ਸੰ. 5 (i) ਵਿੱਚ ਵਰਣਿਤ ਹੋਣੀ ਚਾਹੀਦੀ ਹੈ ਅਤੇ ਵਿਅਕਤੀ ਦੀ ਹਿੱਸੇਦਾਰੀ ਨੂੰ ਭਾਗ D ਦੀ ਲੜੀ ਸੰ. 5 (ii) ਵਿੱਚ ਪ੍ਰਤੀਸ਼ਤ ਵਜੋਂ ਦਰਸਾਉਣਾ ਚਾਹੀਦਾ ਹੈ ਉਦਾਹਰਨ ਵਜੋਂ ₹100/- ਦੀ ਅਚੱਲ ਸੰਪਤੀ ਦੀ ਖਰੀਦ 5 ਵਿਅਕਤੀਆਂ ਦੇ ਨਾਮ, ਜਿਸ ਵਿੱਚ ਘੋਸ਼ਣਾਕਰਤਾ ਦੀ ਹਿੱਸੇਦਾਰੀ 10% ਹੈ, ਘੋਸ਼ਣਾਕਰਤਾ ਨੂੰ ਲੜੀ ਸੰ. 3 ਵਿੱਚ '100', ਲੜੀ ਸੰ. 5 (i) ਵਿੱਚ '5', ਲੜੀ ਸੰ. 5 (ii) ਵਿੱਚ '10' ਭਰਨਾ ਚਾਹੀਦਾ ਹੈ।

11. ਲੈਣਦੇਣ ਵਿੱਚ ਸ਼ਾਮਲ ਨਕਦ ਦੀ ਰਾਸ਼ੀ, ਜਿਸਦਾ ਮੁੱਲ ਭਾਗ D ਦੀ ਲੜੀ ਸੰ. 2 ਵਿੱਚ ਦਿੱਤਾ ਗਿਆ ਹੈ, ਉਸਨੂੰ ਭਾਗ D ਦੀ ਲੜੀ ਸੰ. 3 ਵਿੱਚ ਭਰਿਆ ਜਾਣਾ ਚਾਹੀਦਾ ਹੈ।

12. ਭਾਗ D ਦੀ ਲੜੀ ਸੰ. 4 ਵਿੱਚ ਲੈਣਦੇਣ ਦਾ ਮਾਧਿਅਮ, ਹੇਠਾਂ ਲਿਖੇ ਗਏ ਕੋਡਾਂ ਅਨੁਸਾਰ ਭਰਿਆ ਜਾ ਸਕਦਾ ਹੈ।

ਕ੍ਰਮ ਸੰਖਿਆ	ਲੈਣਦੇਣ ਦਾ ਮਾਧਿਅਮ	ਕੋਡ
1	ਨਕਦ	**01**
2	ਚੈੱਕ	**02**
3	ਕਾਰਡ	**03**
4	ਡ੍ਰਾਫ਼ਟ/ਬੈਂਕਰ ਦਾ ਚੈੱਕ	**04**
5	ਆਨਲਾਈਨ ਟ੍ਰਾਂਸਫਰ	**05**
6	ਮਿਸ਼ਰਿਤ (ਨਕਦ ਅਤੇ ਹੋਰ ਮਾਧਿਅਮ)	**06**
7	ਯੂਪੀਆਈ ਲੈਣਦੇਣ	**07**
8	ਹੋਰ	**08**

13. ਉਹ ਦਸਤਾਵੇਜ਼ ਜੋ ਪਹਿਚਾਣ, ਪਤੇ ਅਤੇ ਜਨਮ ਮਿਤੀ ਦੀ ਪੁਸ਼ਟੀ ਵਿੱਚ ਪੇਸ਼ ਕੀਤੇ ਜਾ ਸਕਦੇ ਹਨ (ਲੋੜੀਂਦੇ ਨਹੀਂ, ਜੇ PAN ਲਈ ਅਰਜ਼ੀ ਪਾਈ ਹੋਈ ਹੈ ਅਤੇ ਭਾਗ C ਦੀ ਲੜੀ ਸੰ. 4 ਵਿੱਚ ਭਰਿਆ ਹੋਇਆ ਹੈ):

ਕ੍ਰਮ ਸੰ.	ਦਸਤਾਵੇਜ਼ ਦੀ ਕਿਸਮ	ਦਸਤਾਵੇਜ਼ ਦਾ ਕੋਡ	ਪਹਿਚਾਣ ਦਾ ਪ੍ਰਮਾਣ	ਪਤੇ ਦਾ ਪ੍ਰਮਾਣ	ਜਨਮ/ਨਿਗਮਣ ਦੀ ਮਿਤੀ*
A.	**ਵਿਅਕਤੀਆਂ ਅਤੇ ਕਢਉ ਲਈ**				
1.	ਅਧਾਰ ਕਾਰਡ	**01**	ਹਾਂ	ਹਾਂ	ਨਹੀਂ

2.	ਵਿਅਕਤੀ ਦੀ ਫ਼ੋਟੋ ਵਾਲੀ ਬੈਂਕ/ਡਾਕਘਰ ਦੇ ਦਫ਼ਤਰ ਦੀ ਪਾਸਬੁੱਕ	**02**	ਹਾਂ	ਹਾਂ	ਨਹੀਂ
3.	ਚੋਣ ਵਿਭਾਗ ਤੋਂ ਜਾਰੀ ਫੋਟੋ ਪਛਾਣ ਪੱਤਰ	**03**	ਹਾਂ	ਹਾਂ	ਹਾਂ
4.	ਰਾਸ਼ਨ/ਜਨਤਕ ਵੰਡ ਪ੍ਰਣਾਲੀ ਕਾਰਡ ਜਿਸ ਉੱਪਰ ਵਿਅਕਤੀ ਦੀ ਫ਼ੋਟੋ ਵੀ ਹੋਵੇ	**04**	ਹਾਂ	ਹਾਂ	ਨਹੀਂ
5.	ਡ੍ਰਾਈਵਿੰਗ ਲਾਇਸੈਂਸ	**05**	ਹਾਂ	ਹਾਂ	ਹਾਂ
6.	ਪਾਸਪੋਰਟ	**06**	ਹਾਂ	ਹਾਂ	ਹਾਂ
7.	ਪੈਂਸਨਰ ਫੋਟੋ ਕਾਰਡ	**07**	ਹਾਂ	ਹਾਂ	ਨਹੀਂ
8.	ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਸਕੀਮ **(NREGS)** ਜੌਬ ਕਾਰਡ	**08**	ਹਾਂ	ਹਾਂ	ਨਹੀਂ
9.	ਵਿਅਕਤੀ ਦੀ ਫ਼ੋਟੋ ਸਮੇਤ ਜਾਤੀ ਦਾ ਪ੍ਰਮਾਣ-ਪੱਤਰ	**09**	ਹਾਂ	ਹਾਂ	ਨਹੀਂ
10.	ਫਾਰਮ 093 ਵਿੱਚ ਨਿਯਤ ਕੀਤੇ ਅਨੁਲੱਗ A ਮੁਤਾਬਕ ਸਾਂਸਦ, ਵਿਧਾਇਕ ਜਾਂ ਮਿਉਂਸਿਪਲ ਕਾਉਂਸਲਰ ਜਾਂ ਇਕ ਗਜ਼ਟਡ ਅਫ਼ਸਰ ਵੱਲੋਂ ਦਸਤਖ਼ਤ ਕੀਤਾ ਗਿਆ ਪਹਿਚਾਣ/ਪਤੇ ਦਾ ਪ੍ਰਮਾਣ-ਪੱਤਰ	**10**	ਹਾਂ	ਹਾਂ	ਨਹੀਂ
11.	ਰੁਜ਼ਗਾਰਦਾਤਾ ਵੱਲੋਂ ਪ੍ਰਮਾਣ-ਪੱਤਰ	**11**	ਹਾਂ	ਹਾਂ	ਨਹੀਂ
12.	ਫ਼ੋਟੋ ਸਮੇਤ ਕਿਸਾਨ ਪਾਸਬੁੱਕ	**12**	ਹਾਂ	ਨਹੀਂ	ਨਹੀਂ
13.	ਅਸਲੇ ਦਾ ਲਾਈਸੰਸ	**13**	ਹਾਂ	ਨਹੀਂ	ਨਹੀਂ
14.	ਕੇਂਦਰ ਸਰਕਾਰ ਦੀ ਸਿਹਤ ਯੋਜਨਾ/ਸਾਬਕਾ ਮੁਲਾਜ਼ਮ ਸਹਿਕਾਰੀ ਸਿਹਤ ਯੋਜਨਾ ਕਾਰਡ	**14**	ਹਾਂ	ਨਹੀਂ	ਹਾਂ
15.	ਸਰਕਾਰ/ਸਰਵਜਨਕ ਖੇਤਰ ਦੇ ਅਦਾਰੇ ਵੱਲੋਂ ਜਾਰੀ ਫ਼ੋਟੋ ਪਹਿਚਾਣ ਕਾਰਡ	**15**	ਹਾਂ	ਨਹੀਂ	ਹਾਂ
16.	ਬਿਜਲੀ ਬਿਲ (3 ਮਹੀਨਿਆਂ ਤੋਂ ਪੁਰਾਣਾ ਨਾ ਹੋਵੇ)	**16**	ਨਹੀਂ	ਹਾਂ	ਨਹੀਂ
17.	ਲੈਂਡਲਾਈਨ ਟੈਲੀਫ਼ੋਨ ਬਿਲ (3 ਮਹੀਨਿਆਂ ਤੋਂ ਪੁਰਾਣਾ ਨਾ ਹੋਵੇ)	**17**	ਨਹੀਂ	ਹਾਂ	ਨਹੀਂ
18.	ਪਾਣੀ ਦਾ ਬਿਲ (3 ਮਹੀਨਿਆਂ ਤੋਂ ਪੁਰਾਣਾ ਨਾ ਹੋਵੇ)	**18**	ਨਹੀਂ	ਹਾਂ	ਨਹੀਂ
19.	ਖਪਤਕਾਰ ਗੈਸ ਕਾਰਡ/ਬੁੱਕ ਜਾਂ ਪਾਈਪਡ ਗੈਸ ਬਿੱਲ (3 ਮਹੀਨਿਆਂ ਤੋਂ ਪੁਰਾਣਾ ਨਾ ਹੋਵੇ)	**19**	ਨਹੀਂ	ਹਾਂ	ਨਹੀਂ
20.	ਬੈਂਕ ਖਾਤੇ ਦੀ ਸਟੇਟਮੈਂਟ (3 ਮਹੀਨਿਆਂ ਤੋਂ ਪੁਰਾਣੀ ਨਾ ਹੋਵੇ)	**20**	ਨਹੀਂ	ਹਾਂ	ਨਹੀਂ
21.	ਕ੍ਰੇਡਿਟ ਕਾਰਡ ਸਟੇਟਮੈਂਟ (3 ਮਹੀਨਿਆਂ ਤੋਂ ਪੁਰਾਣੀ ਨਾ ਹੋਵੇ)	**21**	ਨਹੀਂ	ਹਾਂ	ਨਹੀਂ
22.	ਡਿਪਾਜ਼ਿਟਰੀ ਖਾਤੇ ਦੀ ਸਟੇਟਮੈਂਟ (3 ਮਹੀਨਿਆਂ ਤੋਂ ਪੁਰਾਣੀ ਨਾ ਹੋਵੇ)	**22**	ਨਹੀਂ	ਹਾਂ	ਨਹੀਂ
23.	ਪ੍ਰਾਪਰਟੀ ਰਜਿਸਟ੍ਰੇਸ਼ਨ ਦਾ ਦਸਤਾਵੇਜ਼	**23**	ਨਹੀਂ	ਹਾਂ	ਨਹੀਂ
24.	ਸਰਕਾਰ ਵੱਲੋਂ ਜਾਰੀ ਰਿਹਾਇਸ਼ ਦੀ ਵੰਡ ਦਾ ਪੱਤਰ	**24**	ਨਹੀਂ	ਹਾਂ	ਨਹੀਂ
25.	ਵਿਅਕਤੀ ਦੇ ਨਾਮ ਸਮੇਤ ਜੀਵਨ-ਸਾਥੀ ਦਾ ਪਾਸਪੋਰਟ	**25**	ਨਹੀਂ	ਹਾਂ	ਨਹੀਂ
26.	ਪ੍ਰਾਪਰਟੀ ਟੈਕਸ ਭੁਗਤਾਨ ਰਸੀਦ (ਇਕ ਸਾਲ ਤੋਂ ਵੱਧ ਪੁਰਾਣੀ ਨਹੀਂ)	**26**	ਨਹੀਂ	ਹਾਂ	ਨਹੀਂ
27.	ਵਿਅਕਤੀ ਦੀ ਫ਼ੋਟੋ ਸਮੇਤ ਰਿਹਾਇਸ਼ ਦਾ ਪ੍ਰਮਾਣ-ਪੱਤਰ	**27**	ਹਾਂ	ਹਾਂ	ਹਾਂ
28.	ਨਾਗਰਿਕਤਾ ਐਕਟ, 1955 (1955 ਦਾ 57) ਦੀ ਧਾਰਾ 2 ਦੀ ਉਪ-ਧਾਰਾ (1) ਦੇ ਖੰਡ **(d)** ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ਮਿਉਂਸਪਲ ਅਥਾਰਿਟੀ ਜਾਂ ਜਨਮ ਅਤੇ ਮੌਤ ਦੇ ਰਜਿਸਟ੍ਰਾਰ ਵੱਲੋਂ ਜਨਮ ਅਤੇ ਮੌਤ ਦਾ ਪ੍ਰਮਾਣ-ਪੱਤਰ ਜਾਰੀ ਕਰਨ ਲਈ ਕਿਸੇ ਅਧਿਕਾਰਤ ਦਫ਼ਤਰ ਜਾਂ ਭਾਰਤੀ ਕਾਂਸਲਖਾਨੇ ਵੱਲੋਂ ਜਾਰੀ ਜਨਮ ਪ੍ਰਮਾਣ-ਪੱਤਰ	**28**	ਨਹੀਂ	ਨਹੀਂ	ਹਾਂ
29.	ਪੈਂਸਨ ਭੁਗਤਾਨ ਦਾ ਆਰਡਰ	**29**	ਨਹੀਂ	ਨਹੀਂ	ਹਾਂ
30.	ਵਿਆਹਾਂ ਦੇ ਰਜਿਸਟ੍ਰਾਰ ਵੱਲੋਂ ਜਾਰੀ ਵਿਆਹ ਦਾ ਪ੍ਰਮਾਣ-ਪੱਤਰ	**30**	ਨਹੀਂ	ਨਹੀਂ	ਹਾਂ
31.	ਦਸਵੀਂ ਦਾ ਪ੍ਰਮਾਣ-ਪੱਤਰ ਜਾਂ ਮਾਨਤਾ-ਪ੍ਰਾਪਤ ਬੋਰਡ ਦੀ ਮਾਰਕ-ਸ਼ੀਟ	**31**	ਨਹੀਂ	ਨਹੀਂ	ਹਾਂ
B.	**ਵਿਅਕਤੀਆਂ ਦੇ ਸੰਘ (ਟ੍ਰਸਟ) ਲਈ**				

	ਸੰਘ ਦੇ ਇਕਰਾਰਨਾਮੇ ਦੀ ਕਾਪੀ ਜਾਂ ਚੈਰਿਟੀ ਕਮਿਸ਼ਨਰ ਵੱਲੋਂ ਜਾਰੀ ਰਜਿਸਟ੍ਰੇਸ਼ਨ ਦੇ ਪ੍ਰਮਾਣ-ਪੱਤਰ ਦੀ ਕਾਪੀ	**32**	ਹਾਂ	ਹਾਂ	ਹਾਂ
C.	**ਵਿਅਕਤੀਆਂ ਦੇ ਸੰਘ (ਟ੍ਰਸਟ ਤੋਂ ਬਿਨਾਂ) ਜਾਂ ਵਿਅਕਤੀਆਂ ਦੀ ਇਕਾਈ ਜਾਂ ਸਥਾਨਕ ਅਥਾਰਿਟੀ ਜਾਂ ਆਰਟੀਫਿਸ਼ੀਅਲ ਜਿਊਰੀਡਿਕਲ ਪਰਸਨ ਲਈ**				
	ਅਜਿਹੇ ਵਿਅਕਤੀ ਦੀ ਪਹਿਚਾਣ, ਪਤਾ ਅਤੇ ਨਿਗਮਣ ਦੀ ਮਿਤੀ ਨੂੰ ਤਸਦੀਕ ਕਰਨ ਵਾਲੇ ਚੈਰਿਟੀ ਕਮਿਸ਼ਨਰ ਜਾਂ ਕੋਓਪਰੇਟਿਵ ਸੋਸਾਇਟੀ ਦੇ ਰਜਿਸਟ੍ਰਾਰ ਜਾਂ ਕਿਸੇ ਹੋਰ ਸਮਰੱਥ ਅਥਾਰਿਟੀ ਜਾਂ ਵੱਲੋਂ ਜਾਰੀ ਕੀਤੇ ਕਿਸੇ ਇਕਰਾਰਨਾਮੇ ਦੀ ਕਾਪੀ ਜਾਂ ਰਜਿਸਟ੍ਰੇਸ਼ਨ ਦੇ ਪ੍ਰਮਾਣ ਪੱਤਰ ਦੀ ਕਾਪੀ ਜਾਂ ਕੇਂਦਰੀ ਜਾਂ ਰਾਜ ਸਰਕਾਰ ਦੇ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਕੋਈ ਹੋਰ ਦਸਤਾਵੇਜ਼।	**33**	ਹਾਂ	ਹਾਂ	ਹਾਂ
D.	**ਵਿਦੇਸ਼ੀ ਕੰਪਨੀ ਲਈ**				
1.	ਜਿੱਥੇ ਬਿਨੈਕਾਰ ਰਹਿੰਦਾ ਹੈ ਉਸ ਦੇਸ਼ ਤੋਂ ਜਾਰੀ ਰਜਿਸਟ੍ਰੇਸ਼ਨ ਜਾਂ ਨਿਗਮਣ ਦੇ ਪ੍ਰਮਾਣ-ਪੱਤਰ ਦੀ ਕਾਪੀ ਜੋ IFSC ਬੈਂਕਿੰਗ ਯੂਨਿਟ ਦੇ ਅਧਿਕਾਰਤ ਅਫ਼ਸਰਾਂ ਵੱਲੋਂ ਉਚਿਤ ਰੂਪ ਨਾਲ ਪ੍ਰਮਾਣਿਤ ਕੀਤੀ ਗਈ ਹੋਵੇ।	**34**	ਹਾਂ	ਹਾਂ	ਹਾਂ
2.	ਜਿੱਥੇ ਬਿਨੈਕਾਰ ਰਹਿੰਦਾ ਹੈ ਉਸ ਦੇਸ਼ ਤੋਂ ਜਾਰੀ ਟੈਕਸ ਆਈਡੈਂਟੀਫਿਕੇਸ਼ਨ ਨੰਬਰ ਦੀ ਕਾਪੀ ਜੋ IFSC ਬੈਂਕਿੰਗ ਯੂਨਿਟ ਦੇ ਅਧਿਕਾਰਤ ਅਫ਼ਸਰਾਂ ਵੱਲੋਂ ਉਚਿਤ ਰੂਪ ਨਾਲ ਪ੍ਰਮਾਣਿਤ ਕੀਤੀ ਗਈ ਹੋਵੇ।	**35**	ਹਾਂ	ਹਾਂ (ਜੇ ਉਸੇ ਵਿੱਚ ਪਤੇ ਵੀ ਦਿੱਤੇ ਗਏ ਹਨ)	ਹਾਂ

*ਦਸਤਾਵੇਜ਼ ਉਦੋਂ ਹੀ ਸਵੀਕਾਰ ਕੀਤੇ ਜਾਣਗੇ ਜੇ ਇਨ੍ਹਾਂ ਉੱਪਰ ਘੋਸ਼ਣਾਕਰਤਾ ਦੇ ਨਾਮ, ਮਿਤੀ, ਮਹੀਨਾ ਅਤੇ ਜਨਮ/ਨਿਗਮਣ ਦੀ ਮਿਤੀ ਦਿੱਤੀ ਗਈ ਹੋਵੇ।

(i) ਜੇ ਨਾਬਾਲਗ ਦੇ ਨਾਮ 'ਤੇ ਲੈਣਦੇਣ ਕੀਤਾ ਗਿਆ ਹੋਵੇ, ਅਜਿਹੇ ਨਾਬਾਲਗ ਦੇ ਮਾਪਿਆਂ/ਸਰਪ੍ਰਸਤਾਂ ਵਿਚੋਂ ਕਿਸੇ ਦੀ ਪਹਿਚਾਣ ਅਤੇ ਪਤੇ ਵਜੋਂ ਉਪਰੋਕਤ-ਵਰਣਿਤ ਦਸਤਾਵੇਜ਼ਾਂ ਵਿਚੋਂ ਕਿਸੇ ਨੂੰ ਵੀ ਨਾਬਾਲਗ ਘੋਸ਼ਣਾਕਰਤਾ ਦੀ ਪਹਿਚਾਣ ਅਤੇ ਪਤੇ ਦੇ ਪ੍ਰਮਾਣ ਵਜੋਂ ਮੰਨਿਆ ਜਾਵੇਗਾ ਅਤੇ ਘੋਸ਼ਣਾ 'ਤੇ ਮਾਪਿਆਂ/ਸਰਪ੍ਰਸਤ ਵੱਲੋਂ ਦਸਤਖ਼ਤ ਕੀਤਾ ਜਾਣਾ ਚਾਹੀਦਾ ਹੈ।

(ii) ਕਿਸੇ ਹਿੰਦੂ ਅਵਿਭਾਜਿਤ ਪਰਿਵਾਰ (HUF) ਦਸਤਾਵੇਜ਼ ਲਈ, ਸਾਰੇ ਦਸਤਾਵੇਜ਼ HUF ਦੇ ਕਰਤਾ ਦੇ ਨਾਮ 'ਤੇ ਹੋਣਗੇ।

(iii) ਸਰਕਾਰ ਦੇ ਮਾਮਲੇ ਵਿੱਚ, ਸਿਰਫ਼ ਵਿਭਾਗ ਦੇ ਮੁੱਖੀ/ ਅਦਾਇਗੀ ਅਤੇ ਖਾਤਾ ਅਫ਼ਸਰ/ਜ਼ੋਨਲ ਖਾਤਾ ਅਫ਼ਸਰ/ ਜ਼ਿਲ੍ਹਾ ਖ਼ਜਾਨਾ ਅਫ਼ਸਰ/ ਚੈੱਕ ਨਿਕਾਸੀ ਅਤੇ ਵੰਡ ਅਫ਼ਸਰ ਤੋਂ ਜਾਰੀ ਦਸਤਾਵੇਜ਼ ਹੀ ਲੋੜੀਂਦੇ ਹਨ।